# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਦੂਜੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ., ਫੇਜ਼ 8, ਐਸ.ਏ.ਐਸ.ਨਗਰ, ਫੋਨ ਨੰਬਰ 0172-2212221

202559575

ਡੀ-1

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐਸਿ/ਸੈਸਿ)
ਪੰਜਾਬ।

ਮੀਮੋ ਨੰਬਰ : E Comp.No.: 883723 / 524
ਮਿਤੀ :ਐਸ.ਏ.ਐਸ ਨਗਰ,22-04-2025

**Subject : New Innovative collaborations with Department of School Education for prevention and control of Maleria, Dengu and Chickenguniya in the state of Punjab.**

ਹਵਾਲਾ : ਮਾਨਯੋਗ ਡਾ. ਬਲਬੀਰ ਸਿੰਘ, ਮੰਤਰੀ( Health and Family Welfare ,Medical and Reasearch and Election Minister ,Punjab ) ਜੀ ਵੱਲੋਂ ਪ੍ਰਾਪਤ ਪੱਤਰ ਨੰ.(D.O PA/HEWM/PB/77/N) ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ :-

1.0 ਮਲੇਰੀਆ, ਡੇਂਗੂ, ਚਿਕਨਗੁਨਿਆ ਵੈਕਟਰ ਜਨਿਤ ਬਿਮਾਰੀਆਂ(Vector borne diseases) ਦੀ ਰੋਕਥਾਮ ਲਈ ਨਵੇਂ ਸਾਂਝੇ ਉਪਰਾਲਿਆਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਅਤੇ ਪਿਛਲੇ ਤਿੰਨ ਸਾਲਾਂ ਦੌਰਾਨ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਰਾਹੀ ਡੇਂਗੂ ਦੇ ਮਾਮਲੇ 23,389 ਤੋਂ ਘੱਟ ਕੇ 6,265 ਹੋ ਗਏ ਹਨ ਅਤੇ ਕਿਸੇ ਦੀ ਮੌਤ ਦੀ ਰਿਪੋਰਟ ਪ੍ਰਾਪਤ ਨਹੀਂ ਹੋਈ ।

2.0 ਸਾਲ 2025-26 ਲਈ ਹੇਠ ਲਿਖੀਆਂ ਨਵੀਆਂ ਸਾਂਝੀਆਂ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ ਹੈ:

1.1 ਹਰ ਜ਼ਿਲ੍ਹੇ ਵਿੱਚ Deputy DEO ਨੂੰ ਜ਼ਿਲ੍ਹਾ ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਜਾਵੇ ਜੋ ਸਿਹਤ ਵਿਭਾਗ ਦੇ District Program Officer ਨਾਲ ਮਿਲ ਕੇ ਕੰਮ ਕਰਨਗੇ।

1.2 ਸਕੂਲ ਪੱਧਰ ਤੇ RBSK (Rashtriya Bal Swasthya Karyakaram) ਦੇ ਅਧੀਨ ਪਹਿਲਾਂ ਹੀ ਕੰਮ ਕਰ ਰਹੇ ਨੋਡਲ ਅਫ਼ਸਰਾਂ(INO) ਨੂੰ ਸਿਹਤ ਵਿਭਾਗ ਵੱਲੋਂ ਟਰੇਨਿੰਗ ਦਿੱਤੀ ਜਾਵੇਗੀ। ਮਲੇਰੀਆ, ਡੇਂਗੂ, ਚਿਕਨਗੁਨਿਆ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ । ਜੇਕਰ ਉਕਤ ਬਿਮਾਰੀ ਦਾ ਕੋਈ ਮਾਮਲਾ ਮਿਲਦਾ ਹੈ ਤਾਂ ਉਸ ਬਾਰੇ ਸਿਹਤ ਵਿਭਾਗ ਦੇ ਕਰਮਚਾਰੀ ਜਿਵੇਂ ਕਿ MPHW/ANM/ASHA(Health Facility) ਨੂੰ ਤੁਰੰਤ ਜਾਣਕਾਰੀ ਦਿੱਤੀ ਜਾਵੇ ਜੀ।

- "LITTLE CHAMPIONS CAMPAIGN" ਦੁਆਰਾ ਵਿਦਿਆਰਥੀਆਂ ਨੂੰ ਮੱਛਰਾਂ ਦੇ ਲਾਰਵੇ ਦੀ ਜਾਂਚ ਅਤੇ ਸਕੂਲ, ਘਰ, ਆਲੇ-ਦੁਆਲੇ ਦੀ ਸਫਾਈ ਵਿੱਚ ਸ਼ਾਮਿਲ ਕੀਤਾ ਜਾਵੇ । ਇਹ ਗਤੀਵਿਧੀ ਜੂਨ ਮਹੀਨੇ ਤੋਂ ਨਵੰਬਰ ਮਹੀਨੇ ਤੱਕ ਕੀਤੀ ਜਾਵੇ ।

Scanned with CamSca

- ਵੈਕਟਰ ਜਨਿਤ ਬਿਮਾਰੀਆਂ ਬਾਰੇ ਗਿਆਨ ਨੂੰ Debate, Essay Writing, drama, quiz Competition ਰਾਹੀ Co-Curricular activities ਵਿੱਚ ਸ਼ਾਮਿਲ ਕੀਤਾ ਜਾਵੇ । Summer Homework ਵਿੱਚ ਵੀ Vector borne diseases ਬਾਰੇ ਪ੍ਰੋਜੈਕਟ ਦਿੱਤੇ ਜਾਣ ।

3.0 ਜੇਕਰ ਕਿਸੇ ਵਿਦਿਆਰਥੀ ਵਿੱਚ ਡੇਂਗੂ, ਮਲੇਰੀਆ ਜਾਂ ਚਿਕਨਗੁਨਿਆ ਦੇ symptoms ਪਾਏ ਜਾਂਦੇ ਹਨ, ਤਾਂ ਸਕੂਲ ਮੁਖੀ ਵੱਲੋਂ ਪੀੜਤ ਵਿਦਿਆਰਥੀ ਨੂੰ ਨਜਦੀਕੀ ਸਿਹਤ ਕੇਂਦਰ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ।

4.0 ਜਿਨ੍ਹਾਂ ਸਕੂਲਾਂ ਵਿੱਚ ਸਾਲ ਭਰ ਵਿੱਚ ਮਲੇਰੀਆ/ਡੇਂਗੂ/ਚਿਕਨਗੁਨਿਆ ਦਾ ਕੋਈ ਮਾਮਲਾ ਨਹੀ ਪਾਇਆ ਜਾਵੇਗਾ ਜਾਂ Aedes ਮੱਛਰ ਦੀ ਪੈਦਾਵਾਰ ਨਹੀ ਹੋਵੇਗੀ, ਉਨ੍ਹਾਂ ਨੂੰ ਸਿਹਤ ਵਿਭਾਗ ਵੱਲੋਂ ਇਨਾਮ ਦਿੱਤਾ ਜਾਵੇਗਾ।

5.0 ਅਪ੍ਰੈਲ ਮਹੀਨੇ ਵਿੱਚ ਸਿਹਤ ਵਿਭਾਗ ਵੱਲੋਂ ਨੋਡਲ ਅਫਸਰਾ ਨੂੰ ਟਰੇਨਿੰਗ ਦਿੱਤੀ ਜਾਵੇਗੀ, ਜਿਸ ਵਿੱਚ ਉਕਤ ਬਿਮਾਰੀਆ ਬਾਰੇ ਜਾਗਰੂਕ ਕੀਤਾ ਜਾਵੇਗਾ ਅਤੇ ਲਾਰਵੇ ਦੀ ਪਛਾਣ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

6.0 ਸਾਰੇ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਵਿੱਚ ਜੂਨ ਮਹੀਨੇ ਤੋ ਦਸੰਬਰ ਮਹੀਨੇ ਤੱਕ ਹਰੇਕ ਸ਼ੁਕਰਵਾਰ ਨੂੰ ਭਾਗੀਦਾਰੀ ਯਕੀਨੀ ਬਣਾਈ ਜਾਵੇ ।

7.0 ਜੇਕਰ ਕਿਸੇ ਤਕਨੀਕੀ ਸਹਾਇਤਾ ਦੀ ਜਰੂਰਤ ਹੋਵੇ, ਤਾ ਨਜਦੀਕੀ ਸਿਹਤ ਵਿਭਾਗ ਦੀ ਟੀਮ ਨਾਲ ਰਾਬਤਾ ਕਾਇਮ ਕੀਤਾ ਜਾਵੇ ।

8.0 ਉਪਰੋਕਤ ਦੇ ਮੱਦੇਨਜਰ ਹਦਾਇਤ ਕੀਤੀ ਜਾਂਦੀ ਹੈ ਕਿ ਨੋਡਲ ਅਫਸਰਾਂ ਦੀ ਦੇਖ ਰੇਖ ਵਿੱਚ, ਅਧਿਆਪਕਾ ਅਤੇ ਵਿਦਿਆਰਥੀਆਂ ਦੁਆਰਾ ਉਕਤ ਗਤੀਵਿਧੀਆਂ ਕਰਵਾਉਣੀਆਂ ਯਕੀਨੀ ਬਣਾਇਆ ਜਾਣ ।

ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ. ਉਕਤ — ਮਿਤੀ:- ਐਸ.ਏ.ਐਸ. ਨਗਰ,22-04-2025

ਉਕਤ ਦਾ ਉਤਾਰਾ ਪੀ. ਏ. ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ: ਸੀ-1/1(1)2025/1461 ਮਿਤੀ: 05/05/25
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਕਰਕੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Scanned with CamSc

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ